Roll No. ..................

Total No. of Questions : 28]

**065**

[Total No. of Printed Pages : 7

**SS**

**2117**

**ਸਲਾਨਾ ਪਰੀਖਿਆ ਪ੍ਰਣਾਲੀ**

**AGRICULTURE (Theory)**

**(Common for Humanities, Science and Agriculture Groups)**

**(Punjabi, Hindi and English Versions)**

Time allowed : Three hours

Maximum marks : 60

**(Punjabi Version)**

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲ਼ੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **065** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਕੋਈ ਵਾਧੂ ਸ਼ੀਟ ਨਹੀਂ ਮਿਲੇਗੀ । ਇਸ ਲਈ ਉੱਤਰ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ ।

(v) ਸਾਰੇ ਪ੍ਰਸ਼ਨ ਜ਼ਰੂਰੀ ਹਨ ।

(vi) ਹਰੇਕ ਪ੍ਰਸ਼ਨ ਦਾ ਉੱਤਰ ਖ਼ਤਮ ਹੋਣ ਤੇ ਇੱਕ ਲਾਈਨ ਲਾ ਦਿਉ ।

(vii) ਪ੍ਰਸ਼ਨ ਨੰਬਰ ***1*** ਤੋਂ ***10*** ਇੱਕ-ਇੱਕ ਅੰਕ ਦੇ ਹਨ, ਇਨ੍ਹਾਂ ਦਾ ਉੱਤਰ ਲਗਭਗ *1-10* ਸ਼ਬਦਾਂ ਵਿੱਚ ਲਿਖੋ । ਪ੍ਰਸ਼ਨ ਨੰਬਰ ***11*** ਤੋਂ ***20*** ਦੋ-ਦੋ ਅੰਕਾਂ ਦੇ ਹਨ, ਇਨ੍ਹਾਂ ਦਾ ਉੱਤਰ ਲਗਭਗ *20-30* ਸ਼ਬਦਾਂ ਵਿੱਚ ਲਿਖੋ । ਪ੍ਰਸ਼ਨ ਨੰਬਰ ***21*** ਤੋਂ ***25*** ਤਿੰਨ-ਤਿੰਨ ਅੰਕਾਂ ਦੇ ਹਨ, ਇਨ੍ਹਾਂ ਦੇ ਉੱਤਰ ਲਗਭਗ *80-100* ਸ਼ਬਦਾਂ ਵਿੱਚ ਲਿਖੋ । ਪ੍ਰਸ਼ਨ ਨੰਬਰ ***26*** ਤੋਂ ***28*** ਪੰਜ-ਪੰਜ ਅੰਕਾਂ ਦੇ ਹਨ, ਇਨ੍ਹਾਂ ਦੇ ਉੱਤਰ ਲਗਭਗ *120-150* ਸ਼ਬਦਾਂ ਵਿੱਚ ਲਿਖੋ, ਇਨ੍ਹਾਂ ਪ੍ਰਸ਼ਨਾਂ ਵਿੱਚੋਂ ਅੰਦਰੂਨੀ ਛੂਟ ਹੈ ।

(viii) ਲੋੜ ਅਨੁਸਾਰ ਚਿੱਤਰ ਬਣਾਓ ।

1. ਥੋੜੀ ਮਾਤਰਾ ਵਿੱਚ ਮਿਲਣ ਵਾਲੇ ਦੋ ਤੱਤਾਂ ਦੇ ਨਾਂ ਲਿਖੋ ।

2. ਦੋ ਰਬੀ ਦੀਆਂ ਫ਼ਸਲਾਂ ਦੇ ਨਾਂ ਲਿਖੋ ।

3. ਦੋ ਜੈਵਿਕ ਖਾਦਾਂ ਦੇ ਨਾਂ ਲਿਖੋ ।

4. ਪਸ਼ੂਆਂ ਦਾ ਆਹਾਰ ਕਿੰਨੀ ਤਰ੍ਹਾਂ ਦਾ ਹੁੰਦਾ ਹੈ ?

5. ਬਰਾਊਨ ਸਵਿੱਸ ਨਸਲ ਦੀਆਂ ਗਾਵਾਂ ਇੱਕ ਸੂਏ ਵਿੱਚ ਕਿੰਨਾ ਦੁੱਧ ਦਿੰਦੀਆਂ ਹਨ ?

6. ਮੁਰਗੀ ਪਾਲਣ ਤੋਂ ਕੀ ਭਾਵ ਹੈ ?

7. ਪ੍ਰਕਾਸ਼ ਸ਼ੰਸਲੇਸ਼ਣ ਕਿਰਿਆਂ ਵਿੱਚ ਕਿਹੜਾ ਪਦਾਰਥ ਬਣਦਾ ਹੈ ?

8. ਪੋਮ ਫਲਾਂ ਦੀਆਂ ਦੋ ਉਦਾਹਰਨਾਂ ਦਿਓ ।

9. ਕਿਹੜੇ ਜੀਵ ਸਵੈ ਪੋਸ਼ੀ ਹਨ ?

10. ਅੰਡੇ ਅਤੇ ਮਾਸ ਵਿੱਚ ਕਿਹੜਾ ਤੱਤ ਵਧੇਰੇ ਹੁੰਦਾ ਹੈ ?

11. ਹਰੀ ਖਾਦ ਕੀ ਹੁੰਦੀ ਹੈ ?

12. ਮਿੱਟੀ ਕਿਵੇਂ ਬਣਦੀ ਹੈ ?

13. ਪਸ਼ੂਆਂ ਦੇ ਆਵਾਸ ਸਥਾਨ ਦੀਆਂ ਮੁੱਖ ਵਿਸ਼ੇਸ਼ਤਾਵਾਂ ਲਿਖੋ ।

14. ਮੁਰਗੀਆਂ ਲਈ ਪਾਣੀ ਕਿਉਂ ਜ਼ਰੂਰੀ ਹੈ ?

15. ਮੈਂਡਲ ਦੇ ਅਨੁਸ਼ਵੰਸ਼ਿਕਤਾ ਦੇ ਕਿਹੜੇ ਨਿਯਮ ਹਨ ?

16. ਸਧਾਰਨ ਅਤੇ ਸੰਯੁਕਤ ਪੱਤਾ ਵਿੱਚ ਅੰਤਰ ਦੱਸੋ ।

17. ਕੀਟ ਪਤੰਗਿਆਂ ਰਾਹੀਂ ਪਰਾਗਣ ਕਿਵੇਂ ਹੁੰਦਾ ਹੈ ?

18. ਹਾਰਮੋਨ ਕੀ ਹੁੰਦੇ ਹਨ ? ਉਦਾਹਰਨ ਦਿਓ ।

19. ਦੋ ਨਾਂਵੀ ਨਾਂ ਪ੍ਰਣਾਲੀ ਤੋਂ ਕੀ ਭਾਵ ਹੈ ?

20. ਪੌਦਿਆਂ ਵਿੱਚ ਗਿਬਰੇਲਿਨ ਦਾ ਕੀ ਕੰਮ ਹੈ ?

21. ਭੌਂ ਖੋਰ ਦੇ ਕੀ ਪ੍ਰਭਾਵ ਹਨ ?

22. ਨਦੀਨ ਕਿਸ ਨੂੰ ਕਹਿੰਦੇ ਹਨ ? ਉਦਾਹਰਨ ਦਿਓ ।

23. ਨੀਲੀ ਰਾਵੀ ਮੱਝ ਦਾ ਮੂਲ ਅਸਥਾਨ ਅਤੇ ਲੱਛਣ ਲਿਖੋ ।

24. ਮੁਰਗੀ ਪਾਲਣ ਉੱਤੇ ਨੋਟ ਲਿਖੋ ।

25. ਇੱਕ ਬੀਜ ਪੱਤਰੀ ਪੱਤੇ ਅਤੇ ਦੋ ਬੀਜ ਪੱਤਰੀ ਪੱਤੇ ਵਿੱਚ ਅੰਤਰ ਸਪੱਸ਼ਟ ਕਰੋ ।

26. ਅੰਗੂਰ ਦੀ ਕਾਸ਼ਤ ਦਾ ਵਰਨਣ ਹੇਠ ਲਿਖੇ ਸਿਰਲੇਖਾਂ ਅਧੀਨ ਕਰੋ ।

(ੳ) ਉੱਨਤ ਕਿਸਮਾਂ
(ਅ) ਪੌਦੇ ਲਾਉਣ ਦਾ ਸਮਾਂ ਅਤੇ ਫਾਸਲਾ
(ੲ) ਪੌਦੇ ਤਿਆਰ ਕਰਨ ਦਾ ਢੰਗ
(ਸ) ਖਾਦਾਂ ਦੀ ਵਰਤੋਂ
(ਹ) ਕੀੜੇ ਅਤੇ ਬੀਮਾਰੀਆਂ ਦੀ ਰੋਕਥਾਮ ।

ਜਾਂ

ਫ਼ਸਲਾਂ ਦੇ ਉਗਣ ਲਈ ਕਿਹੜੀਆਂ-ਕਿਹੜੀਆਂ ਪੱਧਤੀਆਂ ਵਰਤੀਆਂ ਜਾਂਦੀਆਂ ਹਨ ?

27. ਪਸ਼ੂਆਂ ਦੀ ਮੂੰਹ-ਖੁਰ ਬੀਮਾਰੀ ਦੇ ਕਾਰਣ, ਲੱਛਣ ਅਤੇ ਰੋਕਥਾਮ ਦਾ ਵਰਨਣ ਕਰੋ ।

ਜਾਂ

ਦੁੱਧ ਵਾਲੇ ਭਾਂਡੇ ਅਤੇ ਬਰਤਨਾਂ ਦੀ ਸਫਾਈ ਬਾਰੇ ਵਰਨਣ ਕਰੋ ।

28. ਦੇਸ ਦੀ ਆਰਥਿਕ ਪ੍ਰਣਾਲੀ ਵਿੱਚ ਪਸ਼ੂਆਂ ਦਾ ਕੀ ਮਹੱਤਵ ਹੈ ?

ਜਾਂ

ਖਰਗੋਸ਼ ਪਾਚਨ ਪ੍ਰਣਾਲੀ ਦਾ ਚਿੱਤਰ ਬਣਾ ਕੇ ਵਰਨਣ ਕਰੋ ।